www.aa-nhpihealthresponse.org
covid@apiahf.org

APIAHF
ASIAN & PACIFIC ISLANDER AMERICAN HEALTH FORUM

ਜੂਨ 2023
Punjabi

# ਅੱਪਡੇਟ ਕੀਤੀ (ਬਾਇਵੇਲੈਂਟ) COVID-19 ਟੀਕੇ ਸੰਬੰਧੀ ਤੱਥ ਸ਼ੀਟ

## ਤੁਹਾਡੇ ਕੋਲ ਕਿਹੜੀ ਜਾਣਕਾਰੀ ਹੋਣੀ ਚਾਹੀਦੀ ਹੈ

### "ਬਾਇਵੇਲੈਂਟ" ਦਾ ਕੀ ਮਤਲਬ ਹੈ?

ਬਾਇਵੇਲੈਂਟ COVID-19 ਟੀਕੇ ਨੂੰ ਦਰਸਾਉਂਦਾ ਹੈ ਜਿਸ ਵਿੱਚ ਹੁਣ ਦੋ ਹਿੱਸੇ ਸ਼ਾਮਲ ਹਨ: ਮੂਲ COVID-19 ਵਾਇਰਸ ਦਾ ਇੱਕ ਹਿੱਸਾ ਅਤੇ ਓਮੀਕਰੋਨ ਰੂਪ ਦਾ ਇੱਕ ਹਿੱਸਾ। ਇਸਦਾ ਇਹ ਮਤਲਬ ਹੈ ਕਿ ਅੱਪਡੇਟ ਕੀਤਾ COVID-19 ਟੀਕਾ ਵਾਇਰਸ ਦੇ ਦੋ ਪ੍ਰਕਾਰਾਂ ਵਿਰੁੱਧ ਵਧੇਰੇ ਸੁਰੱਖਿਆ ਪ੍ਰਦਾਨ ਕਰਦਾ ਹੈ।

### ਮੈਨੂੰ ਅੱਪਡੇਟ ਕੀਤੇ COVID-19 ਟੀਕੇ ਦੀਆਂ ਕਿੰਨੀਆਂ ਡੋਜ਼ ਲਗਵਾਉਣ ਦੀ ਲੋੜ ਹੈ?

ਹੁਣ ਸਿਰਫ਼ ਇੱਕ ਡੋਜ਼ ਦੀ ਲੋੜ ਹੈ। ਹਾਲਾਂਕਿ, ਕਈ ਡੋਜ਼ਾਂ ਲਗਵਾਉਣ ਦੀ ਤੁਹਾਡੀ ਯੋਗਤਾ ਤੁਹਾਡੀ ਉਮਰ ਅਤੇ ਸਿਹਤ ਦੀ ਸਥਿਤੀ 'ਤੇ ਨਿਰਭਰ ਕਰਦੀ ਹੈ। ਆਪਣੀ ਯੋਗਤਾ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸਲਾਹ ਕਰੋ।

## ਟੀਕਾਕਾਰਨ ਸੰਬੰਧੀ ਅੱਪਡੇਟ ਕੀਤੀਆਂ ਸੇਧਾਂ

### 6 ਮਹੀਨੇ - 5 ਸਾਲ ਦੀ ਉਮਰ ਦੇ ਬੱਚਿਆਂ ਲਈ

ਇਹਨਾਂ ਦੀ ਉਮਰ ਅਤੇ ਇਹਨਾਂ ਨੂੰ ਪਹਿਲਾਂ ਲੱਗੀਆਂ ਡੋਜ਼ਾਂ ਦੀ ਗਿਣਤੀ ਦੇ ਆਧਾਰ 'ਤੇ, ਅੱਪ ਟੂ ਡੇਟ ਹੋਣ ਲਈ COVID-19 ਟੀਕੇ ਦੀਆਂ ਕਈ ਡੋਜ਼ਾਂ ਦੀ ਲੋੜ ਪੈ ਸਕਦੀ ਹੈ। ਖਾਸ ਸੇਧਾਂ ਲਈ ਆਪਣੇ ਬੱਚੇ ਦੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

### 6 - 64 ਸਾਲ ਦੀ ਉਮਰ ਦੇ ਹਰ ਵਿਅਕਤੀ ਲਈ

ਅੱਪ ਟੂ ਡੇਟ ਹੋਣ ਲਈ, ਤੁਹਾਡੇ ਅੱਪਡੇਟ ਕੀਤੇ COVID-19 ਟੀਕੇ ਦੀ ਘੱਟੋ-ਘੱਟ ਇੱਕ ਡੋਜ਼ ਲੱਗੀ ਹੋਣੀ ਚਾਹੀਦੀ ਹੈ।

### 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀ ਜਾਂ ਇਮਿਊਨੋਕੋਂਪਰੋਮਾਈਜ਼ਡ ਵਾਲੇ ਵਿਅਕਤੀ

- ਜੇ ਤੁਹਾਡੀ **ਉਮਰ 65 ਸਾਲ ਜਾਂ ਇਸ ਤੋਂ ਜ਼ਿਆਦਾ ਹੈ**, ਤੁਸੀਂ ਅੱਪਡੇਟ ਕੀਤੇ COVID-19 ਟੀਕੇ ਦੀ ਇੱਕ ਡੋਜ਼ **ਅਤੇ** ਅੱਪਡੇਟ ਕੀਤੇ ਟੀਕੇ ਦੀ ਦੂਜੀ ਡੋਜ਼ 4 ਜਾਂ ਇਸ ਤੋਂ ਵੱਧ ਮਹੀਨਿਆਂ ਤੋਂ ਬਾਅਦ ਲਗਵਾ ਸਕਦੇ ਹੋ।
- ਜੇ ਤੁਸੀਂ **ਇਮਿਊਨੋਕੋਂਪਰੋਮਾਈਜ਼ਡ** ਵਾਲੇ ਵਿਅਕਤੀ ਹੋ, ਤੁਸੀਂ ਅੱਪਡੇਟ ਕੀਤੇ COVID-19 ਟੀਕੇ ਦੀ ਇੱਕ ਡੋਜ਼ **ਅਤੇ** ਅੱਪਡੇਟ ਕੀਤੇ ਟੀਕੇ ਦੀ ਦੂਜੀ ਡੋਜ਼ 2 ਜਾਂ ਇਸ ਤੋਂ ਵੱਧ ਮਹੀਨਿਆਂ ਤੋਂ ਬਾਅਦ ਲਗਵਾ ਸਕਦੇ ਹੋ।

**ਆਪਣੇ ਨੇੜੇ COVID-19 ਟੀਕੇ ਦੇ ਟਿਕਾਣੇ ਲੱਭਣ ਲਈ:**

**Vaccines.gov ਖੋਜੋ, ਆਪਣਾ ਜ਼ਿਪ ਕੋਡ 438829 'ਤੇ ਟੈਕਸਟ ਸੁਨੇਹਾ ਭੇਜੋ ਜਾਂ 1-800-232-0233 'ਤੇ ਕਾਲ ਕਰੋ।**



*ਸਰੋਤ: ਰੋਗ ਨਿਯੰਤ੍ਰਣ ਅਤੇ ਰੋਕਥਾਮ ਲਈ ਕੇਂਦਰ।*

This publication was made possible by cooperative agreement CDC-RFA-IP21-2106 from the Centers for Disease Control and Prevention (CDC) of the U.S. Department of Health and Human Services (HHS). Its contents are solely the responsibility of the authors and do not necessarily represent the official views of CDC/HHS.